# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੧੪ ਮਾਰਚ ੨੦੨੬

ਵਿਸ਼ਾ: **ਸਰਬੱਤ ਖ਼ਾਲਸਾ ਜਥੇਬੰਦੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਸਤੇ ਵਿਧਾਨ ਵਿੱਚ ਸੋਧਾਂ ਹੋਈਆਂ ਲਾਗੂ**।

ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਨ ਵਾਸਤੇ ੧੪ ਅਪ੍ਰੈਲ, ੨੦੨੪ ਨੂੰ ਸ਼ੁਰੂਆਤੀ ਥਿੰਕ-ਟੈਂਕ ਟੀਮ ਵੱਲੋਂ ਵਿਧਾਨ ਪਾਸ ਕੀਤਾ ਗਿਆ ਸੀ। ਇਸੇ ਵਿਧਾਨ ਅਨੁਸਾਰ ਸਰਬੱਤ ਖ਼ਾਲਸਾ ਦਾ ਜਥੇਬੰਦਕ ਢਾਂਚਾ ਉਸਾਰਿਆ ਗਿਆ ਸੀ। ਪਿਛਲੇ ਸਮੇਂ ਵਿੱਚ ਵਿਧਾਨ ਨੂੰ ਅਮਲ ਵਿੱਚ ਲਿਆ ਕੇ ਪਰਖਣ ਦਾ ਵਧੀਆ ਮੌਕਾ ਵੀ ਮਿਲ ਗਿਆ।

ਨਿਰੰਤਰ ਸੁਧਾਰ ਸਰਬੱਤ ਖ਼ਾਲਸਾ ਜਥੇਬੰਦੀ ਦਾ ਮੁੱਖ ਥੰਮ੍ਹ ਹੈ। ਪਿਛਲੇ ਸਮੇਂ ਦੇ ਤਜਰਬੇ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਬੱਤ ਖ਼ਾਲਸਾ ਦੇ ਵਿਧਾਨ ਵਿੱਚ ਕੁਝ ਸੋਧਾਂ ਕਰਨ ਦੀ ਲੋੜ ਸਮਝੀ ਗਈ ਸੀ। ਇਸ ਨੂੰ ਪੰਜ-ਪ੍ਰਧਾਨੀ ਕੌਂਸਲ ਅਤੇ ਹੋਰ ਮੈਂਬਰਾਂ ਨਾਲ ਲੰਮੀਆਂ ਵੀਚਾਰਾਂ ਉਪਰੰਤ ਅਮਲ ਵਿੱਚ ਲਿਆਂਦਾ ਗਿਆ। ੧੪ ਮਾਰਚ ੨੦੨੬ ਨੂੰ ਹੋਈ ਸਰਬੱਤ ਖ਼ਾਲਸਾ ਪੰਚਾਇਤ ਦੀ ਮੀਟਿੰਗ ਵਿੱਚ ਪੰਜ-ਪ੍ਰਧਾਨੀ ਕੌਂਸਲ ਵੱਲੋਂ ਇਹਨਾਂ ਸੋਧਾਂ ਨੂੰ ਮਨਜ਼ੂਰੀ ਦਿੱਤੀ ਗਈ।

ਸੋਧਾਂ ਦਾ ਮਕਸਦ ਸਿਧਾਂਤ ਦੀ ਸਥਿਰਤਾ, ਕਾਰਵਾਈ ਵਿੱਚ ਪਾਰਦਰਸ਼ਤਾ, ਸੰਗਤ ਦੀ ਨੁਮਾਇੰਦਗੀ ਵਿੱਚ ਸੁਧਾਰ ਅਤੇ ਸਰਬੱਤ ਖ਼ਾਲਸਾ ਦੀ ਪ੍ਰਭੁਸੱਤਾ ਨੂੰ ਬਰਕਰਾਰ ਰੱਖਣਾ ਹੈ।

ਸਮੂਹ ਸੰਗਤ ਨੂੰ ਅਪੀਲ ਹੈ ਸਰਬੱਤ ਖ਼ਾਲਸਾ ਜਥੇਬੰਦੀ ਦਾ ਹਿੱਸਾ ਬਣੋ, ਜਿਸ ਨਾਲ ਆਪਣੇ ਕੌਮੀ ਮਸਲੇ ਆਪਣੇ ਹੱਥ ਵਿੱਚ ਲੈ ਕੇ ਹੱਲ ਕਰਨ ਦੇ ਯਤਨ ਕਰੀਏ।

ਅਧਿਕਾਰਿਕ ਵੈਬਸਾਈਟ (**https://sarbatkhalsa.world**) ਤੋਂ ਵਿਧਾਨ ਅਤੇ ਹੋਰ ਜਾਣਕਾਰੀ ਲਈ ਜਾ ਸਕਦੀ ਹੈ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)